# ਪੰਜਾਬੀ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਦਾ ਯੋਗਦਾਨ: ਇੱਕ ਵਿਸ਼ਲੇਸ਼ਣ

ਜ.ਸ.ਸ.ਦ.ਗ.ਸ .ਖ਼ਾਲਸਾ ਕਾਲਜ ਪਟਿਆਲਾ ਵੱਲੋਂ

ਮਾਈਨਰ ਖੋਜ ਪ੍ਰੋਜੈਕਟ ਲਈ ਪ੍ਰਸਤੁੱਤ

ਸਿਨਾਪਸਿਜ਼


ਨਿਗਰਾਨ :

ਪ੍ਰਿੰਸਿਪਲ, ਖ਼ਾਲਸਾ ਕਾਲਜ ਪਟਿਆਲਾ

ਖੋਜਾਰਥੀ :

ਡਾ. ਵੰਦਨਾ ਕਪੂਰ

ਅਸਿਸਟੈਂਟ ਪ੍ਰੋਫੈਸਰ, ਥੀਏਟਰ ਸਟੱਡੀਜ਼

ਖ਼ਾਲਸਾ ਕਾਲਜ, ਪਟਿਆਲਾ

**ਵਿਸ਼ੇ ਦਾ ਨਿਰਧਾਰਨ ਅਤੇ ਨਿਰੂਪਣ ਅਤੇ ਵਿਸ਼ਲੇਸ਼ਣ**

ਰੰਗਮੰਚ ਦੇ ਸ਼ੁਰੂਆਤੀ ਦੌਰ ਵਿੱਚ ਇਸਤਰੀਆਂ ਦੀ ਸਥਿਤੀ ਕੋਈ ਜ਼ਿਆਦਾ ਵਧੀਆ ਨਹੀਂ ਸੀ। ਇਸਤਰੀਆਂ ਨੂੰ ਹਮੇਸ਼ਾਂ ਹਰ ਕੰਮ ਵਿੱਚ ਪਿੱਛੇ ਹੀ ਰੱਖਿਆ ਗਿਆ ਤੇ ਜਦ ਉਨ੍ਹਾਂ ਨੂੰ ਮੌਕਾ ਦਿੱਤਾ ਗਿਆ ਤਾਂ ਨਾਲ -ਨਾਲ ਸ਼ੋਸ਼ਣ ਵੀ ਕੀਤਾ ਗਿਆ । ਪੰਜਾਬ ਵਿੱਚ ਇਸਤਰੀਆਂ ਦਾ ਕਲਾ ਦੇ ਖੇਤਰ ਵਿੱਚ ਆਉਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ। ਰੰਗਮੰਚ ਵਿੱਚ ਪਹਿਲਾਂ ਪਹਿਲ ਔਰਤਾਂ ਦੇ ਰੋਲ ਵੀ ਮਰਦਾਂ ਦੁਆਰਾ ਹੀ ਕੀਤੇ ਜਾਂਦੇ ਸਨ । ਇਸ ਸਮੇਂ ਦੌਰਾਨ ਪੰਜਾਬੀ ਰੰਗਮੰਚ ਵਿਚ ਕੇਵਲ ਮਰਦ ਅਦਾਕਾਰਾਂ ਦੀ ਸੱਤਾ ਦੇਖੀ ਜਾ ਸਕਦੀ ਹੈ। ਅਸਲ ਵਿਚ ਪੰਜਾਬੀਆਂ ਦੀ ਜਗੀਰੂ ਮਾਨਸਿਕਤਾ ਕਾਰਨ ਘਰੋਂ ਬਾਹਰਲੇ ਕੰਮਾਂ ਵਿੱਚ ਇਸਤਰੀਆਂ ਦੀ ਭਾਗੀਦਾਰੀ ਤੇ ਲਗਭਗ ਪ੍ਰਤੀਬੰਧ ਹੀ ਰਿਹਾ ਹੈ। ਇਸ ਕਾਰਨ ਸਾਹਿਤ ਤੇ ਕਲਾ ਦੇ ਖੇਤਰ ਵਿੱਚ ਇਸਤਰੀਆਂ ਦੀ ਗਿਣਤੀ ਆਟੇ ਵਿੱਚ ਲੂਣ ਬਰਾਬਰ ਰਹੀ, ਪਰ ਹੌਲੀ -ਹੌਲੀ ਸਮਾਂ ਬਦਲਿਆ ਤੇ ਇੱਕਾ ਦੁੱਕਾ ਇਸਤਰੀਆਂ ਨੇ ਰੰਗਮੰਚ ਵਿੱਚ ਅਦਾਕਾਰੀ ਕਰਨੀ ਆਰੰਭ ਕੀਤੀ ਅਤੇ ਹੁਣ ਸਥਿਤੀ ਇਹ ਬਣ ਗਈ ਹੈ ਕਿ ਰੰਗਮੰਚ ਦੇ ਵੱਖ- ਵੱਖ ਖੇਤਰਾਂ ਅਦਾਕਾਰੀ, ਨਿਰਦੇਸ਼ਨ, ਮੰਚ ਵਿਉਂਤ, ਲੇਖਣ ਆਦਿ ਵਿੱਚ ਇਸਤਰੀਆਂ ਦੀ ਸ਼ਮੂਲੀਅਤ ਹੋ ਗਈ ਹੈ।

ਅੱਜ ਦੇ ਮੌਜੂਦਾ ਦੌਰ ਵਿਚ ਇਸਤਰੀਆਂ ਨੇ ਰੰਗਮੰਚ ਅਤੇ ਸਿਨੇਮਾ ਵਿਚ ਆਪਣਾ ਇਕ ਮੁਕਾਮ ਹਾਸਿਲ ਕੀਤਾ ਹੈ। ਇਸ ਮੁਕਾਮ ਨੂੰ ਹਾਸਿਲ ਕਰਨ ਪਿੱਛੇ ਕਈ ਇਸਤਰੀ ਅਭਿਨੇਤਰੀਆਂ ਨੂੰ ਆਪਣੇ ਪਰਿਵਾਰ ਨਾਲ ਤੇ ਦੂਜਾ ਸਮਾਜ ਨਾਲ ਵਿਚਾਰਕ ਜੱਦੋ-ਜਹਿਦ ਦਾ ਸਾਹਮਣਾ ਕਰਨਾ ਪਿਆ ਹੈ। ਅੱਜ ਬਹੁਤ ਸਾਰੀਆਂ ਅਭਿਨੇਤਰੀਆਂ ਅਜਿਹੀਆਂ ਹਨ ਜਿਨ੍ਹਾਂ ਦਾ ਰੋਜ਼ੀ ਰੋਟੀ ਦਾ ਸਾਧਨ ਕੇਵਲ ਰੰਗਮੰਚ ਹੀ ਹੈ। ਸਮਕਾਲੀ ਸਮੇਂ ਵਿਚ ਰੰਗਮੰਚ ਦਾ ਪੱਧਰ ਉੱਚਾ ਹੋ ਗਿਆ ਹੈ। ਹੁਣ ਰੰਗਮੰਚ ਕੇਵਲ ਸ਼ੌਕੀਆ ਹੀ ਨਹੀਂ ਰਿਹਾ ਬਲਕਿ ਰੰਗਮੰਚ ਦੀ ਪ੍ਰੋਫੈਸ਼ਨਲ ਸਿਖਾਈ ਸਿੱਖਿਆ ਸੰਸਥਾਵਾਂ ਵਿੱਚ ਮੁਹੱਈਆ ਕਰਾਈ ਜਾ ਰਹੀ ਹੈ।

ਅਭਿਨੇਤਰੀਆਂ ਵੀ ਰੰਗਮੰਚ ਦੀ ਵਿੱਦਿਆ ਪ੍ਰਾਪਤ ਕਰ ਰਹੀਆਂ ਹਨ। ਅੱਜ ਦੇ ਯੁੱਗ ਵਿਚ ਆਪਣੇ ਕਿੱਤੇ ਵਿੱਚ ਮੁਹਾਰਤ ਦਾ ਯੁੱਗ ਹੈ, ਜੇਕਰ ਕਿਸੇ ਵੀ ਖੇਤਰ ਵਿੱਚ ਤੁਸੀਂ ਕੋਈ ਮੁਕਾਮ ਹਾਸਲ ਕਰਨਾ ਚਾਹੁੰਦੇ ਹੋ ਤਾਂ ਉਸ ਕਿੱਤੇ ਵਿੱਚ ਮੁਹਾਰਤ ਹੋਣੀ ਬਹੁਤ ਜ਼ਰੂਰੀ ਹੈ। ਆਪਣੇ ਕਿੱਤੇ ਵਿੱਚ ਪ੍ਰਾਪਤ ਮੁਹਾਰਤ ਕਰਕੇ ਹੀ

ਪੰਜਾਬੀ ਰੰਗਮੰਚ ਦੀਆਂ ਅਭਿਨੇਤਰੀਆਂ ਨੇ ਦੇਸ਼ਾਂ -ਵਿਦੇਸ਼ਾਂ ਵਿਚ ਆਪਣਾ ਇਕ ਮੁਕਾਮ ਹਾਸਲ ਕੀਤਾ ਹੈ। ਅੱਜ ਦਾ ਦੌਰ ਪ੍ਰਤੀਯੋਗਿਤਾ ਦਾ ਦੌਰ ਹੈ। ਅੱਜ ਦੀ ਨਾਰੀ ਆਤਮ ਨਿਰਭਰ ਹੈ।

ਹਥਲੇ ਖੋਜ ਕਾਰਜ ਵਿੱਚ ਉਨ੍ਹਾਂ ਇਸਤਰੀ ਅਭਿਨੇਤਰੀਆਂ ਨੂੰ ਕੇਂਦਰ ਬਿੰਦੂ ਵਿਚ ਰੱਖਿਆ ਜਾਵੇਗਾ ਜਿਨ੍ਹਾਂ ਨੇ ਆਪਣੀ ਸ਼ੁਰੂਆਤ ਰੰਗਮੰਚ ਤੋਂ ਕੀਤੀ ਅਤੇ ਰੰਗਮੰਚ ਵਿੱਚ ਬੁਲੰਦੀਆਂ ਹਾਸਲ ਕੀਤੀਆਂ। ਅਜੋਕੇ ਸਮੇਂ ਪੰਜਾਬੀ ਇਸਤਰੀ ਕਲਾਕਾਰਾਂ ਨੇ ਆਪਣੇ ਦ੍ਰਿਸ਼ਟੀਕੋਣ ਤੇ ਸਿਰਜਨਾਤਮਕਤਾ ਨਾਲ ਆਪਣੀ ਵਿਲੱਖਣ ਪਛਾਣ ਸਥਾਪਤ ਕੀਤੀ ਹੈ ।ਅਜਿਹੀਆਂ ਕਲਾਕਾਰਾਂ ਦੀ ਸੂਚੀ ਬਹੁਤ ਲੰਬੀ ਹੈ ਜੋ ਇਸ ਵੇਲੇ ਅਭਿਨੈ ਨਿਰਦੇਸ਼ਨ ਅਤੇ ਲੇਖਣ ਦੇ ਜ਼ਰੀਏ ਰੰਗਮੰਚ ਵਿਚ ਲਗਾਤਾਰ ਆਪਣੀ ਪਛਾਣ ਬਣਾਉਣ ਵਿੱਚ ਪ੍ਰਗਤੀਸ਼ੀਲ ਹਨ ।ਇਸ ਸਮੇਂ ਪੰਜਾਬੀ ਰੰਗਮੰਚ ਵਿਚ ਅਭਿਨੇਤਰੀਆਂ ਦੀ ਸਥਿਤੀ ਗਿਣਾਤਮਕ ਅਤੇ ਗੁਣਾਤਮਕ ਪੱਧਰ ਤੇ ਸੰਤੋਖਜਨਕ ਹੈ। ਭਵਿੱਖ ਵਿੱਚ ਇਸ ਦੀ ਸਥਿਤੀ ਦਾ ਹੋਰ ਚੰਗੇਰਾ ਹੋਣ ਦੀ ਆਸ ਕੀਤੀ ਜਾ ਸਕਦੀ ਹੈ। ਇਸ ਵਿਸ਼ੇ ਦਾ ਨਿਰੂਪਣ ਕਰਨ ਲਈ ਖੋਜਾਰਥੀ ਦੁਆਰਾ ਵੱਖ - ਵੱਖ ਇਸਤਰੀ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਨੂੰ ਆਧਾਰ ਬਣਾ ਕੇ ਖੋਜ ਕਾਰਜ ਕੀਤਾ ਜਾਵੇਗਾ। ਖੋਜਾਰਥੀ ਦੁਆਰਾ ਅਭਿਨੇਤਰੀਆਂ ਦੇ ਸੰਘਰਸ਼ਮਈ ਜੀਵਨ ਦੀ ਆਪਣੀ ਮੰਜ਼ਿਲ ਵੱਲ ਕਦਮ ਦਰ ਕਦਮ ਵਧਣ ਦੀ ਕਹਾਣੀ ਨੂੰ ਪੇਸ਼ ਕੀਤਾ ਜਾਵੇਗਾ । ਹਥਲੇ ਖੋਜ ਕਾਰਜ ਨੂੰ ਹੇਠ ਲਿਖੀਆਂ ਖੋਜ ਵਿਧੀਆਂ ਨੂੰ ਆਧਾਰ ਬਣਾਇਆ ਜਾਵੇਗਾ :

1. ਸਰਵੇਖਣ (survey)
2. ਪ੍ਰੀਖਣ (observation)
3. ਮੁਲਾਕਾਤਾਂ (interviews)
4. ਅਜੋਕੀਆਂ ਰੰਗਮੰਚੀ ਪ੍ਰਸਤੁਤੀਆਂ(current theatre performances)

**ਖੋਜ ਵਿਧੀ**

ਕਿਸੇ ਵੀ ਵਿਸ਼ੇ ਦੀ ਖੋਜ ਕਰਨ ਲਈ ਇੱਕ ਨਿਸ਼ਚਿਤ ਤੇ ਸਪਸ਼ਟ ਖੋਜ ਵਿਧੀ ਦਾ ਹੋਣਾ ਲਾਜ਼ਮੀ ਹੈ "ਪੰਜਾਬੀ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਦਾ ਯੋਗਦਾਨ :ਇੱਕ ਵਿਸ਼ਲੇਸ਼ਣ" ਇਸ ਵਿਸ਼ੇ ਤੇ ਖੋਜ ਕਰਨ ਲਈ ਅਧਿਐਨ ਵਿਆਖਿਆਤਮਕ ਵਿਧੀ ਦੇ ਅਧੀਨ ਕਰਨ ਦਾ ਯਤਨ ਕੀਤਾ ਜਾਵੇਗਾ । ਇਸ ਖੋਜ ਵਿੱਚ ਪੰਜਾਬੀ ਰੰਗਮੰਚ ਦੀਆਂ ਉਨ੍ਹਾਂ ਇਸਤਰੀ ਕਲਾਕਾਰਾਂ ਨੂੰ ਕੇਂਦਰ ਬਿੰਦੂ ਵਿੱਚ ਰੱਖਿਆ ਜਾਵੇਗਾ ਜਿਨ੍ਹਾਂ ਨੇ

ਰੰਗਮੰਚ ਨੂੰ ਆਪਣੀ ਰੋਟੀ -ਰੋਜ਼ੀ ਦਾ ਜ਼ਰੀਆ ਬਣਾਇਆ ਤੇ ਰੰਗਮੰਚ ਤੋਂ ਸਿਨੇਮਾ ਤਕ ਦਾ ਸਫ਼ਰ ਤੈਅ ਕੀਤਾ ਅਤੇ ਬੁਲੰਦੀਆਂ ਹਾਸਲ ਕੀਤੀਆਂ। ਹਥਲੇ ਖੋਜ ਕਾਰਜ ਅਧੀਨ ਖੋਜਾਰਥੀ ਦੁਆਰਾ ਖੋਜ ਲਈ ਦੋ ਪ੍ਰਕਾਰ ਦੀ ਪਹੁੰਚ ਵਿਧੀ ਨੂੰ ਆਧਾਰ ਬਣਾਇਆ ਜਾਵੇਗਾ ।

1. **ਪ੍ਰਾਇਮਰੀ ਸਰੋਤ (primary data)**

ਜੋ ਅੰਕੜੇ ਖੋਜਕਰਤਾ ਆਪਣੀ ਖੋਜ ਨਾਲ ਸਬੰਧਤ ਪਰਿਕਲਪਨਾ ਦੇ ਮੁਲਾਂਕਣ ਲਈ ਇਕੱਠੇ ਕਰਦਾ ਹੈ ਉਨ੍ਹਾਂ ਅੰਕੜਿਆਂ ਦਾ ਸਰੂਪ ਪ੍ਰਤੱਖ ਤੇ ਮੌਲਿਕ ਹੁੰਦਾ ਹੈ। ਇਸ ਖੋਜ ਕਾਰਜ ਨੂੰ ਸੰਪੂਰਨ ਕਰਨ ਲਈ ਖੋਜਾਰਥੀ ਵੱਲੋਂ ਹੇਠਲੀਆਂ ਖੋਜ ਵਿਧੀਆਂ ਨੂੰ ਚੁਣਿਆ ਜਾਵੇਗਾ :-

**ਸਰਵੇਖਣ (survey) :**

ਸਰਵੇਖਣ ਵਿੱਚ ਕਿਸੇ ਇੱਕ ਖੇਤਰ ਦੀ ਕਿਸੇ ਇੱਕ ਸਥਿਤੀ ਅਤੇ ਉਸ ਦੇ ਅਮਲ ਦੇ ਸਬੰਧ ਵਿੱਚ ਯਥਾਰਥ ਸੂਚਨਾ ਪ੍ਰਾਪਤ ਕਰਨਾ ਹੁੰਦਾ ਹੈ ।ਸਰਵੇਖਣ ਦੀ ਵਿਧੀ ਦਾ ਸਬੰਧ ਕੇਵਲ ਵਰਤਮਾਨ ਨਾਲ ਹੁੰਦਾ ਹੈ ।

**ਪ੍ਰੀਖਣ (observation)**

ਪ੍ਰੀਖਣ ਖੋਜ ਦਾ ਇੱਕ ਮਹੱਤਵਪੂਰਨ ਉਪਕਰਨ ਹੈ ।ਪ੍ਰੀਖਣ ਅੱਖਾਂ ਦੇ ਮਾਧਿਅਮ ਨਾਲ ਕੀਤਾ ਗਿਆ ਸੁਭਾਵਕ ਘਟਨਾਵਾਂ ਦੇ ਸਬੰਧ ਵਿਚ ਇਕ ਅਜਿਹਾ ਕ੍ਰਮਬੱਧ ਅਤੇ ਵਿਚਾਰ ਭਰਿਆ ਅਧਿਐਨ ਹੈ ਜਿਹੜਾ ਘਟਨਾਵਾਂ ਦੇ ਵਾਪਰਨ ਸਮੇਂ ਕੀਤਾ ਜਾਂਦਾ ਹੈ। ਖੋਜਾਰਥੀ ਖੋਜ ਕਾਰਜ ਦੇ ਅਗਲੇ ਪੜਾਅ ਦੌਰਾਨ ਵਿਅਕਤੀਗਤ ਰੂਪ ਵਿਚ ਇਸਤਰੀ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਦਾ ਪ੍ਰੀਖਣ ਕਰੇਗਾ ਕਿ ਉਨ੍ਹਾਂ ਨੇ ਆਪਣੇ ਰੰਗਮੰਚੀ ਸਫਰ ਦੌਰਾਨ ਕਿੰਨੀਆਂ ਕੁ ਪੇਸ਼ਕਾਰੀਆਂ ਵਿਚ ਅਭਿਨੈ ਕੀਤਾ?

**ਮੁਲਾਕਾਤਾਂ**

ਮੁਲਾਕਾਤਾਂ ਖੋਜ ਵਿਧੀ ਸਮੱਗਰੀ ਇਕੱਠੀ ਕਰਨ ਲਈ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਸਭ ਤੋਂ ਵੱਧ ਮਹੱਤਵਪੂਰਨ ਵਿਧੀ ਹੈ। ਮੁਲਾਕਾਤਾਂ ਸੱਭ ਤੋਂ ਵਧੇਰੇ ਮੌਲਿਕ ਸਰੋਤ ਮੰਨੀਆਂ ਜਾਂਦੀਆਂ ਹਨ। ਖੋਜ-ਕਾਰਜ ਦੌਰਾਨ ਮੁਲਾਕਾਤਾਂ ਦੀ ਵਿਧੀ ਅਪਨਾਉਂਦਿਆਂ ਵੱਖ -ਵੱਖ ਇਸਤਰੀ ਕਲਾਕਾਰਾਂ ਨਾਲ ਮੁਲਾਕਾਤਾਂ ਕੀਤੀਆਂ ਜਾਣਗੀਆਂ ।

**ਅਜੋਕੀਆਂ ਰੰਗਮੰਚੀ ਪ੍ਰਸਤੁਤੀਆਂ( currant performances )**

ਖੋਜਾਰਥੀ ਖੋਜ ਕਾਰਜ ਦੌਰਾਨ ਵਿਅਕਤੀਗਤ ਰੂਪ ਵਿਚ ਅਜੋਕੇ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਦਾ ਪ੍ਰੀਖਣ ਕਰੇਗਾ ਕਿ ਹੁਣ ਦੀਆ ਪੇਸ਼ਕਾਰੀਆਂ ਵਿੱਚ ਵੀ ਇਹ ਇਸਤਰੀ ਕਲਾਕਾਰ ਲਗਾਤਾਰਤਾ 'ਚ ਅਭਿਨੈ ਕਰ ਰਹੀਆਂ ਹਨ।

2. **ਦੁਜੈਲੇ ਸਰੋਤ (Secondary Data)**

ਇਸ ਤਰ੍ਹਾਂ ਦੇ ਆਂਕੜੇ ਵਿਦਵਾਨਾਂ, ਮਾਹਿਰਾਂ, ਖੋਜੀਆਂ ਰਾਹੀਂ ਪੇਸ਼ ਕੀਤੇ ਗਏ ਤੱਥ,ਪ੍ਰਕਾਸ਼ਤ ਪੱਤ੍ਰਿਕਾਵਾਂ ਜਾਂ ਪੁਸਤਕਾਂ ਵਿੱਚੋਂ ਵੀ ਲਏ ਜਾਣਗੇ ।

**ਵਿਸ਼ੇ ਦੀ ਸਾਰਥਿਕਤਾ**

ਪੰਜਾਬੀ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਦਾ ਯੋਗਦਾਨ ਇਸ ਵਿਸ਼ੇ ਦੀ ਸਾਰਥਿਕਤਾ ਨੂੰ ਨਾਪਣ ਲਈ ਜ਼ਰੂਰੀ ਹੈ ਕਿ ਪਹਿਲਾਂ ਇਸ ਦੀ ਸਾਰਥਕਤਾ ਨੂੰ ਦਰਸਾਇਆ ਜਾਵੇ । ਰੰਗਮੰਚ ਦੇ ਸ਼ੁਰੂਆਤੀ ਦੌਰ ਵਿੱਚ ਇਸਤਰੀਆਂ ਦੀ ਸਥਿਤੀ ਕੁਝ ਜ਼ਿਆਦਾ ਵਧੀਆ ਨਹੀਂ ਸੀ । ਇਸਤਰੀਆਂ ਨੂੰ ਹਮੇਸ਼ਾਂ ਪਰਦੇ ਓਹਲੇ ਹੀ ਰੱਖਿਆ ਗਿਆ। ਪੰਜਾਬ ਵਿੱਚ ਇਸਤਰੀਆਂ ਦਾ ਕਲਾ ਖੇਤਰ ਵਿੱਚ ਆਉਣਾ ਚੰਗਾ ਨਹੀਂ ਸਮਝਿਆ ਜਾਂਦਾ ਸੀ ਪਰ ਹੌਲੀ ਹੌਲੀ ਸਮੇਂ ਦੇ ਬਦਲਣ ਨਾਲ ਇੱਕਾ ਦੁੱਕਾ ਇਸਤਰੀਆਂ ਨੇ ਰੰਗਮੰਚ ਤੇ ਕੰਮ ਕਰਨਾ ਸ਼ੁਰੂ ਕੀਤਾ ਤੇ ਹੌਲੀ ਹੌਲੀ ਇਸ ਖੇਤਰ ਵਿੱਚ  ਨਾਮਣਾ ਖੱਟਿਆ । ਹੁਣ ਸਥਿਤੀ ਇਹ ਹੋ ਗਈ ਹੈ ਕਿ ਅਦਾਕਾਰੀ ਦੇ ਨਾਲ -ਨਾਲ ਨਿਰਦੇਸ਼ਨ, ਮੰਚ -ਵਿਉਂਤ, ਲੇਖਣ ਆਦਿ ਵਿੱਚ ਇਸਤਰੀ ਦੀ ਸ਼ਮੂਲੀਅਤ ਹੋ ਗਈ ਹੈ। ਪ੍ਰਸ਼ਨ ਇਹ ਹੈ ਕਿ ਵਿਸ਼ਾ ਕਿੰਨਾ ਕੁ ਸਾਰਥਕ ਹੈ? ਸਮਕਾਲੀ ਸਥਿਤੀ ਤੇ ਝਾਤ ਪਾਈ ਜਾਵੇ ਤਾਂ ਇਸਤਰੀ ਕਲਾਕਾਰਾਂ ਨੇ ਰੰਗਮੰਚ ਦੇ ਨਾਲ -ਨਾਲ ਸਿਨੇਮਾ ਵਿੱਚ ਵੀ ਵਿਲੱਖਣ ਮੁਕਾਮ ਹਾਸਿਲ ਕੀਤਾ ਹੈ । ਇਸ ਮੁਕਾਮ ਤੇ ਪਹੁੰਚਣ ਲਈ ਉਨ੍ਹਾਂ ਜਿਨ੍ਹਾਂ ਸੰਘਰਸ਼ਾਂ ਦਾ ਸਾਹਮਣਾ ਕੀਤਾ, ਇਸ ਖੋਜ ਕਾਰਜ ਵਿੱਚ ਉਨ੍ਹਾਂ ਸੰਘਰਸ਼ਾਂ ਨੂੰ ਬਿਆਨ ਕੀਤਾ ਜਾਵੇਗਾ ਤੇ ਅੱਜਕੱਲ੍ਹ ਦੀਆਂ ਇਸਤਰੀ ਕਲਾਕਾਰਾਂ ਨੂੰ ਇਨ੍ਹਾਂ ਤੋਂ ਸੇਧ ਪ੍ਰਾਪਤ ਹੋਵੇਗੀ ਤੇ ਉਹ ਇਨ੍ਹਾਂ ਅਭਿਨੇਤਰੀਆਂ ਤੋਂ ਪ੍ਰੇਰਿਤ ਹੋਣ ਤੇ ਇਸ ਗੱਲ ਤੋਂ ਭਲੀ ਭਾਂਤ ਜਾਣੂ ਹੋ ਸਕਣ ਕੀ ਰੰਗਮੰਚ ਜਾਂ ਸਿਨਮਾ ਵਿਚ ਆਪਣਾ ਭਵਿੱਖ ਬਤੌਰ ਇਸਤ੍ਰੀ ਪੇਸ਼ੇਵਰ ਤੌਰ ਤੇ ਸੁਰੱਖਿਅਤ ਕੀਤਾ ਜਾ ਸਕਦਾ ਹੈ। ਵਿਸ਼ੇ ਦੀ ਸਾਰਥਿਕਤਾ ਇਸ ਗੱਲ ਤੋਂ ਹੀ ਸਪਸ਼ਟ ਹੋ ਜਾਂਦੀ ਹੈ ਕਿ ਵਿਸ਼ਾ ਸਮਕਾਲੀ ਦੌਰ ਨਾਲ ਜੁੜਿਆ

ਹੈ। ਪੰਜਾਬੀ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਨੇ ਭਾਵੇਂ ਹੌਲੀ - ਹੌਲੀ ਪ੍ਰਵੇਸ਼ ਕੀਤਾ ਪਰ ਇਸ ਵੇਲੇ ਸਥਿਤੀ ਸੰਤੋਖਜਨਕ ਹੈ। ਭਵਿੱਖ ਵਿਚ ਇਸਤਰੀ ਕਲਾਕਾਰਾਂ ਦੇ ਅਭਿਨੈ ਦੇ ਖੇਤਰ ਵਿੱਚ ਇਨ੍ਹਾਂ ਦੇ ਵਿਕਾਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

**ਅਧਿਆਇ ਵਿਉਂਤ**

ਪਹਿਲਾ ਅਧਿਆਇ **'ਅਭਿਨੇਤਾ: ਪਰਿਭਾਸ਼ਾ ਤੇ ਸਰੂਪ'** ਵਿਚ ਅਭਿਨੇਤਾ ਦੀ ਪਰਿਭਾਸ਼ਾ ਦੇ ਸੰਕਲਪ ਦੀ ਵਿਆਖਿਆ ਕਰਦਾ ਹੈ ਇਸ ਅਧਿਐਨ ਦਾ ਆਰੰਭ ਅਭਿਨੇਤਾ ਕੀ ਹੈ ?ਅਭਿਨੈ ਕੀ ਹੈ? ਇਸ ਨਾਲ ਹੋਵੇਗਾ ।ਰੰਗਮੰਚ ਇਤਿਹਾਸ ਵਿੱਚ ਅਭਿਨੇਤਾ ਦੀ ਹੋਂਦ ਦੀ ਵਿਆਖਿਆ ਕੀਤੀ ਜਾਵੇਗੀ। ਅਭਿਨੇਤਾ ਦੇ ਬਾਰੇ ਵੱਖ- ਵੱਖ ਵਿਦਵਾਨਾਂ ਦੇ ਵਿਚਾਰਾਂ ਤੇ ਅਭਿਨੇਤਾ ਦੇ ਸਰੂਪ ਤੇ ਇਸ ਦੀ ਮਹੱਤਤਾ ਬਾਰੇ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਦੂਸਰੇ ਅਧਿਆਇ **"ਪੰਜਾਬੀ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਨਾਲ ਜਾਣ ਪਛਾਣ: ਇੱਕ ਸਰਵੇਖਣ"** ਵਿੱਚ ਪੰਜਾਬੀ ਰੰਗਮੰਚ ਦੇ ਖੇਤਰ ਵਿੱਚ ਇਸਤਰੀ ਕਲਾਕਾਰਾਂ ਤੋਂ ਜਾਣੂ ਕਰਵਾਇਆ ਜਾਵੇਗਾ ਕਿ ਕਿਵੇਂ - ਕਿਵੇਂ ਇਸਤਰੀ ਕਲਾਕਾਰਾਂ ਨੇ ਪੰਜਾਬੀ ਰੰਗਮੰਚ ਵਿਚ ਪੈਰ ਧਰਿਆ ਤੇ ਪੰਜਾਬੀ ਰੰਗਮੰਚ ਵਿਚ ਨਾਮਣਾ ਖੱਟਣ ਲਈ ਉਨ੍ਹਾਂ ਨੂੰ ਕਿਹੜੇ- ਕਿਹੜੇ ਪੜਾਵਾਂ ਵਿੱਚੋਂ ਗੁਜ਼ਰਨਾ ਪਿਆ।

ਤੀਜਾ ਅਧਿਆਇ **"ਇਸਤ੍ਰੀ ਅਭਿਨੇਤਰੀਆਂ ਦੀ ਪੰਜਾਬੀ ਰੰਗਮੰਚ ਵਿਚ ਸਮਕਾਲੀ ਸਥਿਤੀ"** ਵਿੱਚ ਉਨ੍ਹਾਂ ਇਸਤਰੀ ਅਭਿਨੇਤਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ ਜੋ ਇਸ ਸਮੇਂ ਪੰਜਾਬੀ ਰੰਗਮੰਚ ਦੇ ਖੇਤਰ ਵਿੱਚ ਕਾਰਜਸ਼ੀਲ ਹਨ ਤੇ ਆਪਣੀ ਪਛਾਣ ਬਣਾਉਣ ਲਈ ਯਤਨਸ਼ੀਲ ਹਨ । ਇਨ੍ਹਾਂ ਇਸਤਰੀ ਅਭਿਨੇਤਰੀਆਂ ਦੀ ਪੰਜਾਬੀ ਰੰਗਮੰਚ ਵਿਚ ਸਮਕਾਲੀ ਸਥਿਤੀ ਨੂੰ ਘੋਖਿਆ ਜਾਵੇਗਾ । ਇਸੇ ਅਧਿਆਇ ਵਿਚ ਹੀ ਰੰਗਮੰਚ ਦੀਆਂ ਇਨ੍ਹਾਂ ਮਹਾਨ ਅਭਿਨੇਤਰੀਆਂ ਨਾਲ ਮੁਲਾਕਾਤਾਂ ਕੀਤੀਆਂ ਜਾਣਗੀਆਂ। ਖੋਜਾਰਥੀ ਵੱਲੋਂ ਪ੍ਰਸ਼ਨਾਂ ਦੀ ਇੱਕ ਪ੍ਰਸ਼ਨਾਵਲੀ ਤਿਆਰ ਕੀਤੀ ਜਾਵੇਗੀ ਤੇ ਉਨ੍ਹਾਂ ਇਸਤਰੀ ਕਲਾਕਾਰਾਂ ਨਾਲ ਪੱਤਰ ਵਿਹਾਰ ਰਾਹੀਂ, ਫੋਨ ਉੱਤੇ ਜਾਂ ਨਿੱਜੀ ਤੌਰ ਤੇ ਮਿਲ ਕੇ ਮੁਲਾਕਾਤਾਂ ਕੀਤੀਆਂ ਜਾਣਗੀਆਂ। ਜਿਨ੍ਹਾਂ ਨੇ ਪੰਜਾਬੀ ਰੰਗਮੰਚ ਨੂੰ ਆਪਣੀ ਕਲਾ ਨਾਲ ਸਿਖਰਾਂ ਤੇ ਪਹੁੰਚਾਇਆ ਹੈ।

ਚੌਥੇ ਅਧਿਆਇ **"ਸਿੱਟੇ ਤੇ ਸਥਾਪਨਾਵਾਂ"** ਵਿਚ ਸਮੁੱਚੀ ਖੋਜ ਦਾ ਸਿੱਟਾ ਪੇਸ਼ ਕੀਤਾ ਜਾਵੇਗਾ। ਪੰਜਾਬੀ ਰੰਗਮੰਚ ਦੇ ਖੇਤਰ ਵਿੱਚ ਸਰਗਰਮ ਸਮੁੱਚੀਆਂ ਇਸਤਰੀ ਕਲਾਕਾਰਾਂ ਦੀ ਵਿਲੱਖਣ ਪ੍ਰਾਪਤੀ ,ਉਨ੍ਹਾਂ ਦੀ ਪਛਾਣ ਅਤੇ ਮਹੱਤਵ ਸਬੰਧੀ ਦਰਸਾਇਆ ਜਾਵੇਗਾ। ਪੰਜਾਬੀ ਰੰਗਮੰਚ ਵਿਚ ਇਸਤਰੀ ਕਲਾਕਾਰਾਂ ਦੇ ਯੋਗਦਾਨ ਨੂੰ ਪਾਠਕਾਂ ਦੇ ਰੂ- ਬ -ਰੂ ਕਰਨਾ ਅਤੇ ਰੰਗਮੰਚ ਤੇ ਨਾਟਕ ਦੇ ਵਿਦਿਆਰਥੀਆਂ ,ਖੋਜਾਰਥੀਆਂ, ਆਲੋਚਕਾਂ ਅਤੇ ਵਿਦਵਾਨਾਂ ਦਾ ਧਿਆਨ ਇਸਤਰੀ ਅਭਿਨੇਤਰੀਆਂ ਵੱਲ ਆਕਰਸ਼ਿਤ ਕਰਨਾ

**ਚਿੱਤਰਾਵਲੀ**

**ਪੁਸਤਕਾਵਲੀ**

ਉਪਰੋਕਤ ਖੋਜ-ਕਾਰਜ ਖੋਜਾਰਥੀ ਦਾ ਮੌਲਿਕ ਕਾਰਜ ਹੋਵੇਗਾ।